# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 13-03-2026**

*ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ*

- ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਕਿਹਾ -ਭਾਰਤੀ ਰੇਲਵੇ ਦੀਆਂ ਕੁੱਲ 77 ਫੀਸਦੀ ਰੇਲਗੱਡੀਆਂ ਸਮੇਂ ਸਿਰ ਚੱਲ ਰਹੀਆਂ ਨੇ- 24 ਰੇਲਵੇ ਡਿਵੀਜ਼ਨਾਂ ਨੇ ਸਮੇਂ ਦੀ 90 ਫੀਸਦੀ ਤੋਂ ਵੱਧ ਪਾਬੰਦੀ ਹਾਸਿਲ ਕੀਤੀ।
- ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਮੋਹਾਲੀ ਵਿਖੇ ਅੱਜ ਤੋਂ ਸ਼ੁਰੂ ਹੋਇਆ -
- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਸ਼ਟਰੀ ਮੈਰਾਥਨ ਦੀ ਟੀ-ਸ਼ਰਟ ਜਾਰੀ ਕੀਤੀ- 22 ਮਾਰਚ ਨੂੰ ਮਾਹਿਲਪੁਰ 'ਚ ਹੋਵੇਗੀ ਰਾਸ਼ਟਰ ਪੱਧਰ ਦੀ ਦੌੜ।

•	ਖੇਤੀਬਾੜੀ ਮਸ਼ੀਨੀਕਰਨ ਅਤੇ ਤਕਨਾਲੋਜੀਆਂ 'ਤੇ ਕੇਂਦ੍ਰਿਤ, ਰਾਸ਼ਟਰੀ ਪੱਧਰ ਦੀ ਪ੍ਰਦਰਸ਼ਨੀ ਕ੍ਰਿਸ਼ੀ Mach ਐਕਸਪੋ 2026 ਅੱਜ ਚੰਡੀਗੜ੍ਹ ਵਿਖੇ ਸ਼ੁਰੂ ਹੋਈ।

--------------------------------------------------------------------------------

ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਭਾਰਤੀ ਰੇਲਵੇ ਦੀ, ਸਮੇਂ ਦੀ ਪਾਬੰਦੀ ਵਿੱਚ ਸੁਧਾਰ ਦਾ ਹਵਾਲਾ ਦਿੰਦੇ ਹੋਏ, ਦੱਸਿਆ ਏ ਕਿ ਕੁੱਲ 77 ਫੀਸਦੀ ਰੇਲਗੱਡੀਆਂ ਸਮੇਂ ਸਿਰ ਚੱਲ ਰਹੀਆਂ ਨੇ. ਇਸ ਤੋਂ ਇਲਾਵਾ, 24 ਰੇਲਵੇ ਡਿਵੀਜ਼ਨਾਂ ਨੇ ਸਮੇਂ ਦੀ 90 ਫੀਸਦੀ ਤੋਂ ਵੱਧ ਪਾਬੰਦੀ ਹਾਸਿਲ ਕੀਤੀ ਏ ਜੋ ਕਿ ਬਿਹਤਰ ਸੰਚਾਲਨ ਕੁਸ਼ਲਤਾ ਨੂੰ ਦਰਸਾਉਂਦੀ ਏ। ਰਾਜ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਜਵਾਬ ਦਿੰਦਿਆਂ, ਅਸ਼ਵਿਨੀ ਵੈਸ਼ਨਵ ਨੇ ਕਿਹਾ ਕਿ ਸਮੇਂ ਦੀ ਪਾਬੰਦੀ, ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪਹੁੰਚਣ ਵਾਲੀਆਂ ਰੇਲਗੱਡੀਆਂ ਦੇ ਫ਼ੀਸਦ ਰਾਹੀਂ ਮਾਪੀ ਜਾਂਦੀ ਏ ਅਤੇ ਦੱਸਿਆ ਕਿ ਰੇਲਵੇ ਨੇ ਆਪਣੇ ਵਿਸ਼ਾਲ ਨੈੱਟਵਰਕ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਕਈ ਰਣਨੀਤੀਆਂ ਅਪਣਾਈਆਂ ਨੇ- byte - ASHWINI-VAISHNAW-ON-TRAIN-RS

ਉਨ੍ਹਾਂ ਕਿਹਾ ਕਿ IT-ਅਧਾਰਤ ਪ੍ਰਣਾਲੀਆਂ ਅਤੇ ਏਆਈ-ਅਧਾਰਤ ਵਿਸ਼ਲੇਸ਼ਣ ਸਮੇਤ ਅਤਿ-ਆਧੁਨਿਕ ਤਕਨੀਕੀ ਸਾਧਨਾਂ ਦੀ ਵਰਤੋਂ ਰੇਲ ਸਮਾਂ-ਸਾਰਣੀਆਂ ਵਿੱਚ ਢਾਂਚਾਗਤ ਸਮੱਸਿਆਵਾਂ ਦੀ ਪਛਾਣ ਕਰਨ ਅਤੇ ਹੱਲ ਕਰਨ ਲਈ ਕੀਤੀ ਗਈ ਏ । ਡਿਵੀਜ਼ਨ-ਵਾਰ ਕਾਰਗੁਜ਼ਾਰੀ ਦੇ ਵੇਰਵੇ ਦਿੰਦਿਆਂ, ਸ਼੍ਰੀ ਵੈਸ਼ਨਵ ਨੇ ਕਿਹਾ ਕਿ 43 ਡਿਵੀਜ਼ਨਾਂ ਨੇ ਸਮੇਂ ਦੀ 80 ਫੀਸਦੀ ਤੋਂ ਵੱਧ ਪਾਬੰਦੀ ਹਾਸਿਲ ਕੀਤੀ ਏ, ਜਦੋਂ ਕਿ ਇੱਕ ਡਿਵੀਜ਼ਨ 95 ਫੀਸਦੀ ਨੂੰ ਪਾਰ ਕਰ ਗਿਆ ਏ । ਉਨ੍ਹਾਂ ਦੱਸਿਆ ਕਿ ਸਮੇਂ ਦੀ ਪਾਬੰਦੀ ਦੇ ਉੱਚ ਪੱਧਰ ਦਿਖਾਉਣ ਵਾਲੇ ਡਿਵੀਜ਼ਨਾਂ ਵਿੱਚ ਮਦੁਰਾਈ, ਜੋਧਪੁਰ, ਹੁਗਲੀ, ਭਾਵਨਗਰ, ਕੋਟਾ, ਇੱਜ਼ਤਨਗਰ, ਰਤਲਾਮ ਅਤੇ ਅਜਮੇਰ ਸ਼ਾਮਲ ਨੇ.

-----------------------------------------------------------------------

ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਮੋਹਾਲੀ ਪਲਾਕਸ਼ਾ ਯੂਨੀਵਰਸਿਟੀ ਵਿਖੇ ਅੱਜ ਤੋਂ 15 ਮਾਰਚ ਤੱਕ ਕਰਵਾਇਆ ਜਾ ਰਿਹਾ ਏ ਜੋ ਪੰਜਾਬ ਨੂੰ ਨਿਵੇਸ਼ ਲਈ ਇੱਕ ਪ੍ਰਮੁੱਖ ਸਥਾਨ ਵਜੋਂ ਸਥਾਪਿਤ ਕਰੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸਦਾ ਉਦਘਾਟਨ ਕੀਤਾ । ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁਖ ਮੰਤਰੀ ਨੇ ਕਿਹਾ I BYTE:

ਇਸ ਮੌਕੇ ਉਦਯੋਗ ਤੇ ਵਣਜ ਮੰਤਰੀ ਸੰਜੀਵ ਅਰੋੜਾ ਤੇ ਹੋਰ ਹਸਤੀਆਂ ਵੀ ਮੌਜੂਦ ਰਹੀਆਂ । ਸੂਬੇ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਕਰਵਾਏ ਜਾ ਰਹੇ ਨਿਵੇਸ਼ ਸੰਮੇਲਨ ਦੌਰਾਨ ਵੱਖ ਵੱਖ ਕੰਪਨੀਆਂ ਦੇ ਪ੍ਰਦਰਸ਼ਨੀ ਸਟਾਲਾਂ ਤੇ ਨੁਮਾਇੰਦਿਆਂ ਵਲੋਂ ਭਰਪੂਰ ਦਿਲਚਸਪੀ ਦਿਖਾਈ ਜਾ ਰਹੀ ਏ । ਪੰਜਾਬ ਦੇ ਸਹਿਕਾਰੀ ਅਦਾਰੇ ਮਾਰਕਫੈੱਡ ਵਲੋਂ ਲਗਾਏ ਗਏ ਪ੍ਰਦਰਸ਼ਨੀ ਸਟਾਲਾਂ ਉਤੇ ਸਭ ਤੋਂ ਜ਼ਿਆਦਾ ਭੀੜ ਦੇਖਣ ਨੂੰ ਮਿਲੀ । ਇਸ ਸਟਾਲ ਉਤੇ ਮਾਰਕਫੈੱਡ ਵੱਲੋਂ ਚਾਵਲ, ਸ਼ਹਿਦ, ਡੱਬਾਬੰਦ ਸਬਜ਼ੀਆਂ ਅਨਾਜ ਸਮੇਤ ਹੋਰ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਸੀ। ਮਾਰਕਫੈੱਡ ਸਟਾਲ ਦੇ ਨੋਡਲ ਇੰਚਾਰਜ ਅਨਿਲ ਕੁਮਾਰ ਪੁਰੀ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ ਹਿੱਸਾ ਲੈਣ ਆਏ ਹੋਏ ਨੁਮਾਇੰਦਿਆਂ ਵਲੋਂ ਮਾਰਕਫੈੱਡ ਦੇ ਸ਼ਹਿਦ,ਮਸਾਲਾ ਗੁੜ, ਤੇਲ, ਅਚਾਰ ਅਤੇ ਡੱਬਾਬੰਦ ਭੋਜਨ ਪਦਾਰਥਾਂ ਬਾਰੇ ਜਾਣਕਾਰੀ ਲਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਾਰਕਫੈੱਡ ਦੇ ਉਤਪਾਦ ਆਸਟ੍ਰੇਲੀਆ,

ਨਿਊਜ਼ੀਲੈਂਡ ਕਨੈਡਾ ਅਰਬ ਅਤੇ ਕਈ ਹੋਰ ਦੇਸ਼ਾਂ ਵਿੱਚ ਬਰਾਮਦ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਦੀ ਮੰਗ ਦਿਨੋ ਦਿਨ ਵਧਦੀ ਜਾ ਰਹੀ ਏ । ਉਨ੍ਹਾਂ ਦੱਸਿਆ ਕਿ ਅੱਜ ਕੁਝ  ਨੁਮਾਇੰਦਿਆਂ ਨੇ ਅਫਰੀਕਨ ਦੇਸ਼ਾਂ ਵਿਚ ਮਾਰਕਫੈੱਡ ਦੇ ਉਤਪਾਦਾਂ ਨੂੰ ਬਰਾਮਦ ਕਰਨ ਲਈ ਮਾਰਕਫੈੱਡ ਰਾਬਤਾ ਵੀ ਕੀਤਾ ਗਿਆ।

---------------------------------------------------------------------------------

ਪੰਜਾਬ ਦੇ ਮੁੱਖ ਮੰਤਰੀ  ਭਗਵੰਤ ਸਿੰਘ ਮਾਨ ਨੇ ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਸ਼ਟਰੀ ਮੈਰਾਥਨ ਦੀ ਅਧਿਕਾਰਿਕ ਟੀ-ਸ਼ਰਟ ਜਾਰੀ ਕੀਤੀ ।ਇਹ ਮੈਰਾਥਨ ਨਸ਼ਿਆਂ ਦੇ ਖ਼ਿਲਾਫ਼ ਚੱਲ ਰਹੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਸਿਹਤਮੰਦ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਵਾਲੇ ਇੱਕ ਵੱਡਾ ਕਦਮ ਏ । ਇਸ ਮੌਕੇ ਮੌਜੂਦ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ  ਜੈ ਕ੍ਰਿਸ਼ਨ ਸਿੰਘ ਰੋੜੀ ਨੇ ਦੱਸਿਆ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਲਗਾਤਾਰਤਾ ਵਿੱਚ ਨੌਜਵਾਨਾਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਅਤੇ ਸੂਬੇ ਨੂੰ ਮੁੜ ਹੱਸਦਾ-ਖੇਡਦਾ ਤੇ ਰੰਗਲਾ ਬਣਾਉਣ ਦੇ ਮਕਸਦ ਨਾਲ 22 ਮਾਰਚ ਨੂੰ ਫੁੱਟਬਾਲ ਦੀ

ਨਰਸਰੀ ਵਜੋਂ ਪ੍ਰਸਿੱਧ ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਹਿਲਪੁਰ ਵਿਖੇ ਇਹ ਵਿਸ਼ਾਲ ਮੈਰਾਥਨ ਕਰਵਾਈ ਜਾ ਰਹੀ ਏ । ਡਿਪਟੀ ਸਪੀਕਰ ਨੇ ਦੱਸਿਆ ਕਿ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੋਂ ਇੱਕ ਦਿਨ ਪਹਿਲਾਂ 22 ਮਾਰਚ ਨੂੰ ਇਹ ਮੈਰਾਥਨ ਸ਼ਹੀਦ-ਏ-ਆਜ਼ਮ ਨੂੰ ਸਮਰਪਿਤ ਕੀਤੀ ਜਾ ਰਹੀ ਏ । ਊਨਾ  ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਇੱਕ ਸਿਹਤਮੰਦ ਅਤੇ ਮਜ਼ਬੂਤ ਦੇਸ਼ ਦਾ ਸੁਪਨਾ ਦੇਖਿਆ ਸੀ, ਜਿਸ ਵਿੱਚ ਹਰ ਨੌਜਵਾਨ ਦੇਸ਼ ਦੀ ਸੇਵਾ ਲਈ ਸਮਰਪਿਤ ਹੋਵੇ।  ਮੈਰਾਥਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੈਰਾਥਨ ਵਿੱਚ 5 , 10  , 21  ਅਤੇ 42 ਕਿਲੋਮੀਟਰ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਬੱਚੇ, ਨੌਜਵਾਨ, ਬਜ਼ੁਰਗ ਅਤੇ ਵਿਸ਼ੇਸ਼ ਯੋਗਤਾ ਵਾਲੇ ਵਿਅਕਤੀ ਭਾਗ ਲੈ ਸਕਣਗੇ। ਜੇਤੂਆਂ ਦੀ ਹੌਸਲਾ ਅਫਜ਼ਾਈ ਲਈ ਉਨ੍ਹਾਂ ਨੂੰ ਵੱਖ-ਵੱਖ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਪ੍ਰੋਗਰਾਮ ਵਿੱਚ ਪੰਜਾਬ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਭਰਪੂਰ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ।

---

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਹਰਿਆਣਾ ਦੇ ਬਿਲਾਸਪੁਰ ਨੇੜੇ ਇੱਕ ਉਸਾਰੀ ਅਧੀਨ ਥਾਂ 'ਤੇ ਕੰਧ ਡਿੱਗਣ ਨਾਲ ਸੱਤ ਮਜ਼ਦੂਰਾਂ ਦੀ ਮੌਤ ਅਤੇ ਤਿੰਨ ਹੋਰਾਂ ਦੇ ਜ਼ਖਮੀ ਹੋਣ ਦੀ ਮੀਡੀਆ ਖਬਰ ਦੇ ਸੰਬੰਧ ਵਿੱਚ ਸੂਬੇ ਦੇ ਮੁੱਖ ਸਕੱਤਰ ਅਤੇ ਗੁਰੂਗ੍ਰਾਮ ਦੇ ਪੁਲਿਸ ਕਮਿਸ਼ਨਰ, ਨੂੰ ਨੋਟਿਸ ਜਾਰੀ ਕੀਤੇ ਨੇ. ਮੀਡੀਆ ਖਬਰ ਵਿੱਚ ਹਵਾਲਾ ਦਿੱਤਾ ਗਿਆ ਏ ਕਿ ਪੁਲਿਸ ਦੇ ਨਾਲ-ਨਾਲ ਸਿਵਲ ਡਿਫੈਂਸ ਟੀਮਾਂ, ਬਚਾਅ ਮੁਲਾਜ਼ਮ, ਅੱਗ ਬੁਝਾਊ ਅਮਲੇ ਦੇ ਮੁਲਾਜ਼ਮ ਅਤੇ ਆਫਤ ਸਮੇਂ ਪ੍ਰਤੀਕਰਮ ਬਾਰੇ ਰਾਜ ਦੇ ਬਲ ਦੇ ਮੁਲਾਜ਼ਮ ਮਲਬੇ ਹੇਠ ਫਸੇ ਮਜ਼ਦੂਰਾਂ ਦੀ ਭਾਲ ਕਰ ਰਹੇ ਸਨ। ਇਸ ਮਾਮਲੇ ਦਾ ਖੁਦ ਨੋਟਿਸ ਲੈਂਦੇ ਹੋਏ, NHRC ਨੇ ਦੋ ਹਫ਼ਤਿਆਂ ਦੇ ਅੰਦਰ ਇਸ ਮਾਮਲੇ 'ਤੇ ਇੱਕ ਵੇਰਵੇ ਸਹਿਤ ਰਿਪੋਰਟ ਮੰਗੀ ਏ । ਇਸ ਵਿੱਚ ਕਿਹਾ ਗਿਆ ਏ ਕਿ ਜੇਕਰ ਖਬਰ ਦਾ ਮਾਮਲਾ ਸੱਚ ਪਾਇਆ ਜਾਂਦਾ ਏ ਤਾਂ ਪੀੜਤਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਗੰਭੀਰ ਮੁੱਦੇ ਉਠਦੇ ਨੇ ।

---

ਖੇਤੀਬਾੜੀ ਮਸ਼ੀਨੀਕਰਨ, ਖੇਤੀਬਾੜੀ-ਤਕਨਾਲੋਜੀਆਂ ਅਤੇ ਖੋਜ-ਅਧਾਰਤ ਨਵੀਨਤਾ 'ਤੇ ਕੇਂਦ੍ਰਿਤ ਰਾਸ਼ਟਰੀ ਪੱਧਰ ਦੀ ਪ੍ਰਦਰਸ਼ਨੀ ਕ੍ਰਿਸ਼ੀ ਮਾਚ ਐਕਸਪੋ 2026 ਅੱਜ ਚੰਡੀਗੜ੍ਹ ਦੇ ਪਰੇਡ ਗਰਾਊਂਡ ਵਿਖੇ ਸ਼ੁਰੂ ਹੋਈ । ਤਿੰਨ ਦਿਨਾਂ ਐਕਸਪੋ ਪੰਜਾਬ ਯੂਨੀਵਰਸਿਟੀ ਦੇ DST-ਟੈਕਨਾਲੋਜੀ ਇਨੇਬਲਿੰਗ ਸੈਂਟਰ ਵਲੋਂ ਫਾਰਚੂਨ ਐਗਜ਼ੀ-ਬਿਟਰਜ਼ ਪ੍ਰਾਈਵੇਟ ਲਿਮਟਿਡ ਅਤੇ ਸਟੇਟ ਸਪੋਰਟ ਮਿਸ਼ਨ ਹਰਿਆਣਾ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਜਾ ਰਿਹਾ ਏ । ਬੁਲਾਰਿਆਂ ਨੇ ਖੇਤੀਬਾੜੀ ਮਸ਼ੀਨੀਕਰਨ ਨੂੰ ਤੇਜ਼ ਕਰਨ, ਖੇਤੀ ਉਤਪਾਦਕਤਾ ਵਧਾਉਣ ਅਤੇ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਉਦਯੋਗ-ਅਕਾਦਮਿਕ ਭਾਈਵਾਲੀ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਐਕਸਪੋ ਦਾ ਉਦੇਸ਼ ਅਕਾਦਮਿਕ ਸੰਸਥਾਵਾਂ ਤੋਂ ਉਦਯੋਗ ਵਿੱਚ ਤਕਨਾਲੋਜੀ ਦੇ ਤਬਾਦਲੇ ਨੂੰ ਸੁਵਿਧਾਜਨਕ ਬਣਾਉਣਾ, ਵਪਾਰੀਕਰਨ ਨੂੰ ਸਮਰੱਥ ਬਣਾਉਣਾ ਅਤੇ ਵਿਗਿਆਨੀਆਂ ਅਤੇ ਸਟਾਰਟਅੱਪਸ ਵਲੋਂ ਵਿਕਸਤ ਖੋਜ ਨਵੀਨਤਾਵਾਂ ਨੂੰ ਵਿਆਪਕ ਰੂਪ ਵਿੱਚ ਅਪਣਾਉਣ ਨੂੰ ਸਮਰੱਥ ਬਣਾਉਣਾ ਏ । ਕ੍ਰਿਸ਼ੀ ਮਾਖ ਐਕਸਪੋ

2026 ਵਿੱਚ ਖੇਤੀਬਾੜੀ ਮੁੱਲ ਲੜੀ ਵਿੱਚ ਕੰਪਨੀਆਂ ਅਤੇ ਸੰਗਠਨਾਂ ਦੇ 120 ਤੋਂ ਵੱਧ ਸਟਾਲ ਲਏ ਜਾਂ ਗੇ ।

---------------------------------------------------------------------------

ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਰਾਸ਼ਟਰੀ ਅੰਕੜਾ ਦਫ਼ਤਰ ਵੱਲੋਂ ਵੱਖ-ਵੱਖ ਸਮਾਜਿਕ-ਆਰਥਿਕ ਵਿਸ਼ਿਆਂ 'ਤੇ ਸਮੇਂ-ਸਮੇਂ 'ਤੇ ਸਰਵੇਖਣ ਕਰਵਾਏ ਜਾਂਦੇ ਨੇ । ਇਸੇ ਲੜੀ ਤਹਿਤ ਸਰਕਾਰ ਇਸ ਸਾਲ ਆਪਣਾ ਪਹਿਲਾ ਰਾਸ਼ਟਰੀ ਘਰੇਲੂ ਆਮਦਨ ਸਰਵੇਖਣ  ਸ਼ੁਰੂ ਕਰਨ ਜਾ ਰਹੀ ਏ । ਇਸ ਮਹੱਤਵਪੂਰਨ ਸਰਵੇਖਣ ਦੀ ਤਿਆਰੀ ਅਤੇ ਅਮਲ ਲਈ ਜਲੰਧਰ ਦੇ ਖੇਤਰੀ ਦਫ਼ਤਰ,  ਵੱਲੋਂ ਅਧਿਕਾਰੀਆਂ ਲਈ ਦੋ ਰੋਜ਼ਾ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਸਰਵੇਖਣ ਟੀਮ ਨੂੰ ਡੇਟਾ ਇਕੱਠਾ ਕਰਨ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਣਾ ਸੀ, ਤਾਂ ਜੋ ਜ਼ਮੀਨੀ ਪੱਧਰ ਤੋਂ ਸਹੀ ਅੰਕੜੇ ਪ੍ਰਾਪਤ ਕੀਤੇ ਜਾ ਸਕਣ। ਸਿਖਲਾਈ ਦਾ ਉਦਘਾਟਨ ਰਾਸ਼ਟਰੀ ਅੰਕੜਾ ਦਫ਼ਤਰ ਦੇ ਖੇਤਰੀ ਮੁਖੀ ਡਾਇਰੈਕਟਰ  ਪੱਲਵੀ ਅਗਰਵਾਲ ਸ਼੍ਰੀਵਾਸਤਵਾ ਨੇ ਕੀਤਾ । ਊਨਾ ਦੱਸਿਆ ਕਿ ਸਿਖਲਾਈ ਦਾ ਉਦੇਸ਼ ਵੱਖ-ਵੱਖ ਭੂਗੋਲਿਕ ਅਤੇ ਸਮਾਜਿਕ-

ਆਰਥਿਕ ਹਾਲਾਤ ਵਿੱਚ ਰਹਿਣ ਵਾਲੇ ਨਾਗਰਿਕਾਂ ਦੀ ਆਮਦਨ, ਉਸ ਦੀ ਵੰਡ ਅਤੇ ਆਮਦਨ ਦੇ ਪਾੜੇ  ਦਾ ਸਹੀ ਮੁਲਾਂਕਣ ਕਰਨਾ ਏ। ਇਹ ਸਰਵੇਖਣ ਇੱਕ ਸਾਲ ਦੀ ਮਿਆਦ ਲਈ ਹੋਵੇਗਾ, ਜੋ ਅਪ੍ਰੈਲ 2026 ਤੋਂ ਮਾਰਚ 2027 ਤੱਕ ਚੱਲੇਗਾ। ਇਸ ਡੇਟਾ ਦੇ ਅਧਾਰ 'ਤੇ ਨੀਤੀ ਘਾੜੇ ਆਮ ਆਦਮੀ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਅਤੇ ਨੀਤੀਆਂ ਤਿਆਰ ਕਰ ਸਕਣਗੇ। ਸ਼੍ਰੀਮਤੀ ਪੱਲਵੀ ਨੇ ਅਪੀਲ ਕੀਤੀ ਕਿ ਲੋਕ ਇਸ ਸਰਵੇਖਣ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ। ਉਨ੍ਹਾਂ ਵੱਲੋਂ ਦਿੱਤੀ ਗਈ ਸਹੀ ਜਾਣਕਾਰੀ ਦੇਸ਼ ਦੇ ਭਵਿੱਖ ਦੇ ਨੀਤੀ ਨਿਰਮਾਣ ਅਤੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਏਗੀ।

-------------------------------------------------------

ਰੋਪੜ ਸਥਿਤ  ਰਾਸ਼ਟਰੀ ਇਲੈਕਟ੍ਰੋਨਿਕੀ ਅਤੇ ਸੂਚਨਾ ਤਕਨਾਲੋਜੀ ਸੰਸਥਾ ਨਾਇਲਿਟ  ਵੱਲੋਂ ਆਪਣੇ ਕੈਂਪਸ ਵਿੱਚ "ਰੋਜ਼ਗਾਰ ਮੇਲਾ ਲਗਵਾਇਆ  ਗਿਆ। ਇਸ ਦਾ ਉਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਸੀ, ਜਿਸ ਰਾਹੀਂ  ਕੰਪਨੀਆਂ ਅਤੇ

ਨੌਕਰੀ ਦੀ ਭਾਲ ਕਰ ਰਹੇ ਉਮੀਦਵਾਰਾਂ ਨੂੰ ਇੱਕ ਸਾਂਝਾ ਮੰਚ ਪ੍ਰਦਾਨ ਕੀਤਾ ਗਿਆ। ਰੋਪੜ ਦੇ ਕਾਰਜਕਾਰੀ ਡਾਇਰੈਕਟਰ ਦੀਪਕ ਵਾਸਨ ਕਿਹਾ ਕਿ ਅਜਿਹੀ ਪਹਿਲਕਦਮੀਆਂ ਪੰਜਾਬ ਦੇ ਨੌਜਵਾਨਾਂ ਨੂੰ ਉਦਯੋਗ ਜਗਤ ਨਾਲ ਜੁੜਨ ਅਤੇ ਉਚਿਤ ਰੋਜ਼ਗਾਰ ਪ੍ਰਾਪਤ ਕਰਨ ਦਾ ਇੱਕ ਸ਼ਾਨਦਾਰ ਮੌਕਾ ਪ੍ਰਦਾਨ ਕਰਦੇ ਹਨ। ਵੱਖ-ਵੱਖ ਖੇਤਰਾਂ ਦੀਆਂ ਕਈ ਕੰਪਨੀਆਂ ਨੇ ਨੌਕਰੀ ਮੇਲੇ ਵਿੱਚ ਹਿੱਸਾ ਲਿਆ ਅਤੇ ਵੱਖ-ਵੱਖ ਉਪਲਬਧ ਅਸਾਮੀਆਂ ਲਈ ਨੌਕਰੀ ਦੀ ਭਾਲ ਕਰ ਰਹੇ ਉਮੀਦਵਾਰਾਂ ਨਾਲ ਸੰਪਰਕ ਕੀਤਾ। 23 ਤੋਂ ਵੱਧ ਕੰਪਨੀਆਂ ਨੇ ਹਿੱਸਾ ਲਿਆ ਅਤੇ ਵੱਖ-ਵੱਖ ਤਕਨੀਕੀ ਅਤੇ ਪੇਸ਼ਾਵਰ ਪਿਛੋਕੜ ਵਾਲੇ ਲਗਭਗ 500 ਉਮੀਦਵਾਰਾਂ ਦੇ ਇੰਟਰਵਿਊ ਕੀਤੇ ਗਏ। 300 ਤੋਂ ਵੱਧ ਉਮੀਦਵਾਰਾਂ ਨੂੰ ਮੌਕੇ ਤੇ ਹੀ ਸ਼ੋਰਟਲਿਸਟ ਕੀਤਾ ਗਿਆ ਅਤੇ ਨਿਯੁਕਤੀ ਪੱਤਰ ਜਾਰੀ ਕੀਤੇ ਗਏ ।

PTC-ਅਵਤਾਰ ਸਿੰਘ ਕੰਬੋਜ਼

-----------------------------------------------------

ਅੱਜ ਵਿਸ਼ਵ ਨੀਂਦ ਦਿਵਸ' ਮਨਾਇਆ ਜਾ ਰਿਹਾ ਏ । ਇਸਦਾ ਉਦੇਸ਼ ਲੋਕਾਂ ਵਿਚ ਲੋੜੀਂਦੀ ਅਤੇ ਗੁਣਵੱਤਾ ਵਾਲੀ ਨੀਂਦ ਦੀ ਮਹੱਤਤਾ ਬਾਰੇ

ਜਾਗਰੂਕਤਾ ਪੈਦਾ ਕਰਨਾ, ਨੀਂਦ ਸੰਬੰਧੀ ਬਿਮਾਰੀਆਂ  ਨੂੰ ਰੋਕਣਾ ਅਤੇ ਇੱਕ ਸਿਹਤਮੰਦ ਜੀਵਨ ਲਈ ਬਿਹਤਰ ਨੀਂਦ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨਾ ਏ । ਮੌਜੂਦਾ ਸਮੇਂ ਸਿਹਤਮੰਦ ਰਹਿਣ ਲਈ, ਮਹੱਤਵਪੂਰਨ ਤੇ ਚੰਗੀ ਨੀਂਦ ਬਾਰੇ ਯੋਗ ਗੁਰੂਆਂ ਅਤੇ ਡਾਕਟਰਾਂ ਨੇ ਨੁਕਤੇ ਸਾਂਝੇ ਕੀਤੇ I BYTES  -RNU130326

-----------------------------------------------------------

ਮਾਨਸਾ ਜ਼ਿਲ੍ਹੇ 'ਚ ਮਾਨਸਾ-ਪਟਿਆਲਾ ਮੁੱਖ ਮਾਰਗ 'ਤੇ ਕਸਬਾ ਭੀਖੀ ਵਿਖੇ ਬੀਤੀ ਦੇਰ ਰਾਤ ਇੱਕ ਸੜਕ ਹਾਦਸੇ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦੋਂ ਕਿ ਦੋ ਵਿਅਕਤੀ ਗੰਭੀਰ ਰੂਪ ਵਿੱਚ ਜਖ਼ਮੀ ਹੋ ਗਏ। ਮਾਨਸਾ ਤੋਂ ਸਾਡੇ ਪਤਰਕਾਰ ਨੇ ਦਸਿਆ ਕਿ ਇਕ ਤੇਜ਼ ਰਫ਼ਤਾਰ ਟਰਾਲੇ ਨੇ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੂੰ ਟੱਕਰ ਮਾਰ ਦਿੱਤੀ। ਜਿਸ ਕਾਰਨ ਇੱਕ ਨੌਜਵਾਨ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦੋਂ ਕਿ ਦੋ ਜਣੇ ਗੰਭੀਰ ਰੂਪ ਵਿੱਚ ਜਖ਼ਮੀ ਹੋ ਗਏ।  ਮੋਟਰਸਾਈਕਲ ਸਵਾਰ ਭੀਖੀ ਵਾਲੇ ਪਾਸੇ ਤੋਂ  ਆ ਰਹੇ ਸਨ । ਮ੍ਰਿਤਕ ਨੌਜਵਾਨ ਕੁਲਵਿੰਦਰ ਸਿੰਘ ਮਾਨਸਾ ਦੇ ਪਿੰਡ ਛੱਬਰ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਏ ।

ਜਖ਼ਮੀ ਨੌਜਵਾਨ ਮਨਪ੍ਰੀਤ ਸਿੰਘ ਅਤੇ ਸਿਕੰਦਰ ਸਿੰਘ ਵਾਸੀ ਪਿੰਡ ਭੁਪਾਲ ਦੇ ਰਹਿਣ ਵਾਲੇ ਨੇ । ਦੋਨੋਂ ਜਖ਼ਮੀ  ਨੌਜਵਾਨਾਂ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਨਾਜੁਕ ਸਥਿਤੀ ਨੂੰ ਦੇਖਦੇ ਹੋਏ ਰੈਫ਼ਰ ਕੀਤਾ ਗਿਆ ਏ ।

-----------------------------------------------------------

- ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਕਿਹਾ -ਭਾਰਤੀ ਰੇਲਵੇ ਦੀਆਂ ਕੁੱਲ 77 ਫੀਸਦੀ ਰੇਲਗੱਡੀਆਂ ਸਮੇਂ ਸਿਰ ਚੱਲ ਰਹੀਆਂ ਨੇ- 24 ਰੇਲਵੇ ਡਿਵੀਜ਼ਨਾਂ ਨੇ ਸਮੇਂ ਦੀ 90 ਫੀਸਦੀ ਤੋਂ ਵੱਧ ਪਾਬੰਦੀ ਹਾਸਿਲ ਕੀਤੀ ।

- ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਮੋਹਾਲੀ ਵਿਖੇ ਅੱਜ ਤੋਂ ਸ਼ੁਰੂ ਹੋਇਆ -

- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਸ਼ਟਰੀ  ਮੈਰਾਥਨ ਦੀ ਟੀ-ਸ਼ਰਟ ਜਾਰੀ ਕੀਤੀ- 22 ਮਾਰਚ ਨੂੰ ਮਾਹਿਲਪੁਰ ‘ਚ ਹੋਵੇਗੀ ਰਾਸ਼ਟਰ ਪੱਧਰ ਦੀ ਦੌੜ ।

- ਖੇਤੀਬਾੜੀ ਮਸ਼ੀਨੀਕਰਨ ਅਤੇ ਤਕਨਾਲੋਜੀਆਂ 'ਤੇ ਕੇਂਦ੍ਰਿਤ, ਰਾਸ਼ਟਰੀ ਪੱਧਰ ਦੀ ਪ੍ਰਦਰਸ਼ਨੀ ਕ੍ਰਿਸ਼ੀ Mach ਐਕਸਪੋ 2026 ਅੱਜ ਚੰਡੀਗੜ੍ਹ ਵਿਖੇ ਸ਼ੁਰੂ ਹੋਈ।

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ,**

**ਰਾਸ਼ਟਰੀ**

**ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ**

**ਨਮਸਕਾਰ !**